


ਕਪੂਰਥਲਾ ਅਜੀਤ

ਅਜੀਤ, ਜਲੰਧਰ

ਸੋਮਵਾਰ, 9 ਦਸੰਬਰ 2024






# ਨਗਰ ਨਿਗਮ ਫਗਵਾੜਾ, ਨਗਰ ਪੰਚਾਇਤ ਢਿਲਵਾਂ, ਬੇਗੋਵਾਲ, ਭੁਲੱਥ ਤੇ ਨਡਾਲਾ ਦੀ ਚੋਣ 21 ਦਸੰਬਰ ਨੂੰ

## ਉਮੀਦਵਾਰ 9 ਤੋਂ 12 ਦਸੰਬਰ ਤੱਕ ਆਪਣੇ ਨਾਮਜ਼ਦਗੀ ਪਰਚੇ ਦਾਖ਼ਲ ਕਰ ਸਕਣਗੇ-ਅਮਿਤ ਕੁਮਾਰ ਪੰਚਾਲ

ਕਪੂਰਥਲਾ, 8 ਦਸੰਬਰ (ਅਮਰਜੀਤ ਕੋਮਲ)-ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਐਲਾਨੇ ਗਏ ਚੋਣ ਪ੍ਰੋਗਰਾਮ ਅਨੁਸਾਰ ਨਗਰ ਨਿਗਮ ਫਗਵਾੜਾ, ਨਗਰ ਪੰਚਾਇਤ ਬੇਗੋਵਾਲ, ਭੁਲੱਥ, ਢਿਲਵਾਂ ਤੇ ਨਡਾਲਾ ਦੀ 21 ਦਸੰਬਰ ਨੂੰ ਹੋਣ ਵਾਲੀ ਚੋਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ

**▶▶ 13 ਦਸੰਬਰ ਨੂੰ ਹੋਵੇਗੀ ਨਾਮਜ਼ਦਗੀ ਪਰਚਿਆਂ ਦੀ ਪੜਤਾਲ ਤੇ 14 ਨੂੰ ਹੋਵੇਗੀ ਵਾਪਸੀ**

ਗਏ ਹਨ। ਇਸ ਚੋਣ ਵਿਚ ਉਮੀਦਵਾਰ ਆਪਣੇ ਨਾਮਜ਼ਦਗੀ ਪਰਚੇ 9 ਦਸੰਬਰ ਤੋਂ 12 ਦਸੰਬਰ ਤੱਕ ਸਵੇਰੇ 11 ਵਜੇ ਤੋਂ ਲੈ ਕੇ ਦੁਪਹਿਰ 3 ਵਜੇ ਤੱਕ ਦਾਖਲ ਕਰ ਸਕਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਿਤ ਕੁਮਾਰ ਪੰਚਾਲ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਨਿਗਮ ਤੇ ਨਗਰ ਪੰਚਾਇਤਾਂ ਲਈ ਉਮੀਦਵਾਰ ਵਲੋਂ ਦਾਖਲ ਕਰਵਾਏ ਨਾਮਜ਼ਦਗੀ ਪਰਚਿਆਂ ਦੀ ਪੜਤਾਲ 13 ਦਸੰਬਰ ਨੂੰ ਹੋਵੇਗੀ ਤੇ 14 ਦਸੰਬਰ ਨੂੰ ਤਿੰਨ ਵਜੇ ਤੱਕ ਉਮੀਦਵਾਰ ਆਪਣੇ ਨਾਮਜ਼ਦਗੀ ਪਰਚੇ ਵਾਪਸ ਲੈ ਸਕਣਗੇ। 21 ਦਸੰਬਰ ਨੂੰ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ ਤੇ ਉਸੇ ਦਿਨ ਹੀ ਵੋਟਾਂ ਦੀ ਗਿਣਤੀ ਉਪਰੰਤ ਨਤੀਜਾ ਐਲਾਨਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸਾਰੀ ਚੋਣ ਪ੍ਰਕਿਰਿਆ 24 ਦਸੰਬਰ ਤੱਕ ਮੁਕੰਮਲ ਕਰ ਲਈ ਜਾਵੇਗੀ।

### ਨਗਰ ਨਿਗਮ ਫਗਵਾੜਾ

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਫਗਵਾੜਾ ਨਗਰ ਨਿਗਮ ਦੇ 50 ਵਾਰਡਾਂ ਵਿਚੋਂ ਵਾਰਡ ਨੰਬਰ 1 ਤੋਂ ਲੈ ਕੇ ਵਾਰਡ 10 ਦੀ ਚੋਣ ਲਈ ਜਗਜੀਤ ਸਿੰਘ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ ਨੂੰ ਰਿਟਰਨਿੰਗ ਅਫ਼ਸਰ ਤੇ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਫਗਵਾੜਾ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਵਾਰਡਾਂ ਤੋ ਚੋਣ ਲੜਣ ਵਾਲੇ ਉਮੀਦਵਾਰ ਨਾਮਜ਼ਦਗੀ ਪਰਚੇ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਪੁਰਾਣੀ ਦਾਣਾ ਮੰਡੀ ਫਗਵਾੜਾ ਵਿਚ ਪ੍ਰਾਪਤ ਕਰਨਗੇ। ਇਸੇ ਤਰ੍ਹਾਂ ਵਾਰਡ ਨੰਬਰ 11 ਤੋਂ 20 ਲਈ ਪਰਮਜੀਤ ਮਹੇ ਖੇਤੀਬਾੜੀ ਅਫ਼ਸਰ ਫਗਵਾੜਾ ਨੂੰ ਰਿਟਰਨਿੰਗ ਅਫ਼ਸਰ ਤੇ ਭੂਮੀ ਰੱਖਿਆ ਅਫ਼ਸਰ ਫਗਵਾੜਾ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ ਤੇ ਇਨ੍ਹਾਂ ਵਾਰਡਾਂ ਤੋਂ ਚੋਣ ਲੜਣ ਵਾਲੇ ਵਿਅਕਤੀ ਨਾਮਜ਼ਦਗੀ ਪਰਚੇ ਦਫ਼ਤਰ ਖੇਤੀਬਾੜੀ ਅਫ਼ਸਰ ਪਹਿਲੀ ਮੰਜਿਲ ਵਿਕਾਸ ਭਵਨ ਨਵੀਂ ਦਾਣਾ ਮੰਡੀ ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਪ੍ਰਾਪਤ ਕਰਨਗੇ, ਵਾਰਡ ਨੰਬਰ 21 ਤੋਂ 30 ਲਈ ਅਕਾਸ਼ਦੀਪ ਸਿੰਘ ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਬੀ ਐਂਡ ਆਰ ਡਵੀਜ਼ਨ ਨੰਬਰ-2 ਕਪੂਰਥਲਾ ਰਿਟਰਨਿੰਗ ਅਫ਼ਸਰ ਹੋਣਗੇ, ਜਦਕਿ ਐਸ.ਡੀ.ਓ. ਲੋਕ ਨਿਰਮਾਣ ਵਿਭਾਗ ਬੀ.ਐਂਡ ਆਰ. ਡਵੀਜ਼ਨ ਨੰਬਰ-2 ਫਗਵਾੜਾ ਸਹਾਇਕ ਰਿਟਰਨਿੰਗ ਅਫ਼ਸਰ ਹੋਣਗੇ। ਇਨ੍ਹਾਂ ਵਾਰਡਾਂ ਲਈ ਉਮੀਦਵਾਰ ਦਫ਼ਤਰ ਐਸ.ਡੀ.ਓ. ਪ੍ਰੋਵਿਨਸ਼ੀਅਲ ਲੋਕ ਨਿਰਮਾਣ ਵਿਭਾਗ ਬੀ.ਐਂਡ ਆਰ. ਕੋਰਟ ਕੰਪਲੈਕਸ ਫਗਵਾੜਾ ਤੋਂ ਨਾਮਜ਼ਦਗੀ ਪਰਚੇ ਲੈਣਗੇ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵਾਰਡ ਨੰਬਰ 31 ਤੋਂ 40 ਲਈ ਸਰਬਜੀਤ ਸਿੰਘ ਐਸ.ਡੀ.ਓ. ਰੂਰਲ ਵਾਟਰ ਸਪਲਾਈ ਤੇ ਸੈਨੀਟੇਸ਼ਨ ਫਗਵਾੜਾ ਨੂੰ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਜਦਕਿ ਜੇ.ਈ. ਰੂਰਲ ਵਾਟਰ ਸਪਲਾਈ ਤੇ ਸੈਨੀਟੇਸ਼ਨ ਸਹਾਇਕ ਰਿਟਰਨਿੰਗ ਅਫ਼ਸਰ ਹੋਣਗੇ। ਇਨ੍ਹਾਂ ਵਾਰਡਾਂ ਲਈ ਨਾਮਜ਼ਦਗੀ ਪੱਤਰ ਉਮੀਦਵਾਰ ਐਸ.ਡੀ.ਓ. ਵਾਟਰ ਸਪਲਾਈ ਤੇ ਸੈਨੀਟੇਸ਼ਨ ਇੰਡਸਟਰੀਅਲ ਏਰੀਆ ਸਾਹਮਣੇ ਜੇ.ਸੀ.ਟੀ. ਮਿੱਲ ਫਗਵਾੜਾ ਤੋਂ ਪ੍ਰਾਪਤ ਕਰਨਗੇ। ਇਸੇ ਤਰ੍ਹਾਂ ਵਾਰਡ ਨੰਬਰ 41 ਤੋਂ 50 ਲਈ ਜਸ਼ਨਜੀਤ ਸਿੰਘ ਐਸ.ਡੀ.ਐਮ. ਫਗਵਾੜਾ ਰਿਟਰਨਿੰਗ ਅਫ਼ਸਰ ਨਿਯੁਕਤ ਕੀਤੇ ਗਏ ਹਨ ਤੇ ਤਹਿਸੀਲਦਾਰ ਫਗਵਾੜਾ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਬਣਾਇਆ ਗਿਆ ਹੈ। ਇਨ੍ਹਾਂ ਵਾਰਡਾਂ ਤੋਂ ਚੋਣ ਲੜਣ ਵਾਲੇ ਉਮੀਦਵਾਰ ਐਸ.ਡੀ.ਐਮ. ਕੋਰਟ ਕੰਪਲੈਕਸ ਜੀ.ਟੀ. ਰੋਡ ਫਗਵਾੜਾ ਵਿਖੇ ਆਪਣੇ ਨਾਮਜ਼ਦਗੀ ਪਰਚੇ ਪ੍ਰਾਪਤ ਕਰ ਸਕਣਗੇ।



ਨਗਰ ਨਿਗਮ ਦੇ ਨਗਰ ਪੰਚਾਇਤ ਚੋਣਾਂ ਬਾਰੇ ਜਾਣਕਾਰੀ ਦਿੰਦੇ ਹੋਏ ਅਮਿਤ ਕੁਮਾਰ ਪੰਚਾਲ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ।

### ਨਗਰਪੰਚਾਇਤ ਢਿਲਵਾਂ

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਨਗਰ ਨਿਗਮ ਢਿਲਵਾਂ ਦੇ ਕੁੱਲ 11 ਵਾਰਡ ਹਨ ਤੇ ਇਨ੍ਹਾਂ ਵਾਰਡਾਂ ਵਿਚ ਚੋਣ ਲਈ ਐਸ.ਡੀ.ਐਮ. ਕਪੂਰਥਲਾ ਨੂੰ ਰਿਟਰਨਿੰਗ ਅਫ਼ਸਰ ਤੇ ਨਾਇਬ ਤਹਿਸੀਲਦਾਰ ਢਿਲਵਾਂ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਬਣਾਇਆ ਗਿਆ ਹੈ। ਨਗਰ ਪੰਚਾਇਤ ਢਿਲਵਾਂ ਦੇ ਇਨ੍ਹਾਂ ਵਾਰਡਾਂ ਤੋਂ ਚੋਣ ਲੜਣ ਵਾਲੇ ਉਮੀਦਵਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਪੂਰਥਲਾ ਦੇ ਕਮਰਾ ਨੰਬਰ 112 ਪਹਿਲੀ ਮੰਜਿਲ ਤੋਂ ਨਾਮਜ਼ਦਗੀ ਪਰਚੇ ਪ੍ਰਾਪਤ ਕਰਨਗੇ।

### ਨਗਰ ਪੰਚਾਇਤ ਭੁਲੱਥ

ਨਗਰ ਪੰਚਾਇਤ ਭੁਲੱਥ ਦੇ 13 ਵਾਰਡਾਂ ਦੀ ਚੋਣ ਲਈ ਐਸ.ਡੀ.ਐਮ. ਭੁਲੱਥ ਨੂੰ ਰਿਟਰਨਿੰਗ ਅਫ਼ਸਰ ਤੇ ਨਾਇਬ ਤਹਿਸੀਲਦਾਰ ਭੁਲੱਥ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਬਣਾਇਆ ਗਿਆ ਹੈ। ਇੱਥੋਂ ਚੋਣ ਲੜਣ ਵਾਲੇ ਉਮੀਦਵਾਰ ਐਸ.ਡੀ.ਐਮ. ਦਫ਼ਤਰ ਭੁਲੱਥ ਤੋਂ ਨਾਮਜ਼ਦਗੀ ਪਰਚੇ ਪ੍ਰਾਪਤ ਕਰਨਗੇ।

### ਨਗਰ ਪੰਚਾਇਤ ਨਡਾਲਾ

ਨਗਰ ਪੰਚਾਇਤ ਨਡਾਲਾ ਦੇ 11 ਵਾਰਡਾਂ ਦੀ ਚੋਣ ਲਈ ਖੇਤੀਬਾੜੀ ਅਫ਼ਸਰ ਨਡਾਲਾ ਨੂੰ ਰਿਟਰਨਿੰਗ ਅਫ਼ਸਰ ਤੇ ਏ.ਡੀ.ਓ. ਨਡਾਲਾ ਨੂੰ ਸਹਾਇਕ ਰਿਟਰਨਿੰਗ ਅਫ਼ਸਰ

**▶▶ ਨਗਰ ਨਿਗਮ ਤੇ ਨਗਰ ਪੰਚਾਇਤ ਚੋਣਾਂ ਲਈ ਰਿਟਰਨਿੰਗ ਅਫ਼ਸਰ ਤੇ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ**

ਨਿਯੁਕਤ ਕੀਤਾ ਗਿਆ ਹੈ। ਸਬੰਧਿਤ ਨਗਰ ਪੰਚਾਇਤ ਦੀ ਚੋਣ ਲੜਣ ਵਾਲੇ ਉਮੀਦਵਾਰ ਨਾਮਜ਼ਦਗੀ ਪਰਚੇ ਖੇਤੀਬਾੜੀ ਦਫ਼ਤਰ ਨਡਾਲਾ ਤੋਂ ਲੈਣਗੇ।

### ਨਗਰ ਪੰਚਾਇਤ ਬੇਗੋਵਾਲ

ਨਗਰ ਪੰਚਾਇਤ ਬੇਗੋਵਾਲ ਦੇ 13 ਵਾਰਡਾਂ ਦੀ ਚੋਣ ਲਈ ਪ੍ਰਿੰਸੀਪਲ ਸਰਕਾਰੀ ਪੋਲੀਟੈਕਨਿਕ ਕਾਲਜ ਬੇਗੋਵਾਲ ਨੂੰ ਰਿਟਰਨਿੰਗ ਅਫ਼ਸਰ ਤੇ ਸਰਕਾਰੀ ਕਾਲਜ ਭੁਲੱਥ ਦੇ ਇਤਿਹਾਸ ਵਿਸ਼ੇ ਦੇ ਪ੍ਰੋਫੈਸਰ ਸਹਾਇਕ ਰਿਟਰਨਿੰਗ ਅਫ਼ਸਰ ਬਣਾਏ ਗਏ ਹਨ। ਨਗਰ ਪੰਚਾਇਤ ਦੀ ਚੋਣ ਲਈ ਵੱਖ-ਵੱਖ ਵਾਰਡਾਂ ਦੇ ਉਮੀਦਵਾਰ ਸਰਕਾਰੀ ਪੋਲੀਟੈਕਨਿਕ ਕਾਲਜ ਬੇਗੋਵਾਲ ਤੋਂ ਨਾਮਜ਼ਦਗੀ ਪਰਚੇ ਲੈਣਗੇ।



ਰਸ਼ੀਆ ਯੂਕਰੇਨ ਦੀ ਜੰਗ ਵਿਚੋਂ ਅੱਠ ਮਹੀਨਿਆਂ ਬਾਅਦ ਪਰਤਿਆ ਨੌਜਵਾਨ ਨਰੇਸ਼ ਯਾਦਵ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਨਾਲ। ਤਸਵੀਰ ਸਟੂਡੀਓ

# ਰਸ਼ੀਆ ਯੂਕਰੇਨ ਦੀ ਜੰਗ ਵਿਚੋਂ 8 ਮਹੀਨਿਆਂ ਬਾਅਦ ਪਰਤੇ ਨੌਜਵਾਨ ਨੇ ਰੌਂਗਟੇ ਖੜ੍ਹੇ ਕਰਨ ਵਾਲੇ ਕੀਤੇ ਖ਼ੁਲਾਸੇ

ਸੁਲਤਾਨਪੁਰ ਲੋਧੀ, 8 ਦਸੰਬਰ (ਨਰੇਸ਼ ਹੈਪੀ)-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਰਸ਼ੀਆ ਯੂਕਰੇਨ ਦੀ ਜੰਗ ਵਿਚੋਂ 8 ਮਹੀਨਿਆਂ ਬਾਅਦ ਪਰਤੇ ਨੌਜਵਾਨ ਰਾਕੇਸ਼ ਯਾਦਵ ਨੇ ਰੌਂਗਟੇ ਖੜ੍ਹੇ ਕਰਨ ਵਾਲੇ ਖ਼ੁਲਾਸੇ ਕੀਤੇ ਹਨ। ਉੱਥੇ ਯੂਕਰੇਨ ਵਲੋਂ ਡਰੋਨ ਨਾਲ ਕੀਤੇ ਹਮਲੇ ਦੌਰਾਨ ਹੋਈ ਬੰਬਬਾਰੀ ਵਿਚ ਉਸ ਦੇ ਇਕ ਸਾਥੀ ਦੀ ਮੌਤ ਹੋ ਗਈ ਸੀ। ਉਸ ਦੀ ਜਾਨ ਸਿਰਫ਼ ਇਸ ਕਾਰਨ ਬਚ ਗਈ ਕਿਉਂਕਿ ਉਸ ਨੇ ਡਰੋਨ ਨੂੰ ਦੇਖਦਿਆਂ ਹੀ ਉੱਥੇ ਬਣੇ ਬੰਕਰ ਵਿਚ ਛਾਲ ਮਾਰ ਦਿੱਤੀ। ਇਸੇ ਤਰ੍ਹਾਂ ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਉਸ ਨੇ ਦੱਸਿਆ ਕਿ ਉੱਥੇ ਉਸ ਦੇ ਇਕ ਸਾਥੀ ਦੀ ਮੌਤ ਗ੍ਰਨੇਡ ਫੱਟਣ ਕਾਰਨ 17 ਜੂਨ 2024 ਨੂੰ ਹੋ ਗਈ ਸੀ। ਉਸ ਨੇ ਕਿਹਾ ਕਿ ਹੈਰਾਨੀ ਇਸ ਗੱਲ ਦੀ ਸੀ ਕਿ ਰਸ਼ੀਅਨ ਆਰਮੀ ਵਿਚ ਫੌਤ ਹੋਏ ਉਸ ਦੇ ਸਾਥੀ ਦੀ ਮੌਤ ਦੀ ਖ਼ਬਰ 6 ਮਹੀਨਿਆਂ ਬਾਅਦ ਰਸ਼ੀਅਨ ਅਥਾਰਿਟੀ ਵਲੋਂ ਕੁੱਝ ਦਿਨ ਪਹਿਲਾਂ ਉਸ ਦੇ ਪਰਿਵਾਰ ਨੂੰ ਦਿੱਤੀ ਗਈ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਰੂਸ ਤੋਂ ਵਾਪਸ ਆਏ ਨਰੇਸ਼ ਯਾਦਵ ਅਤੇ ਪੰਜ ਹੋਰ ਪਰਿਵਾਰ ਪਹੁੰਚੇ, ਜਿਨ੍ਹਾਂ ਦੇ ਬੱਚੇ ਅਜੇ

**ਸੰਤ ਸੀਚੇਵਾਲ ਤੋਂ ਰੂਸ ਫ਼ੌਜ 'ਚ ਫਸੇ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਨੇ ਵਾਪਸੀ ਲਈ ਲਗਾਈ ਗੁਹਾਰ**

ਵੀ ਉੱਥੇ ਫਸੇ ਹੋਏ ਹਨ ਤੇ ਉਨ੍ਹਾਂ ਦਾ ਅਜੇ ਤੱਕ ਵੀ ਕੋਈ ਪਤਾ ਨਹੀਂ ਲੱਗ ਰਿਹਾ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਸੰਬੰਧੀ ਮਾਮਲੇ ਨੂੰ ਵਿਦੇਸ਼ ਮੰਤਰਾਲੇ ਤੱਕ ਪਹੁੰਚਾਉਣਗੇ ਅਤੇ ਇਸ ਮਾਮਲੇ ਨੂੰ ਪਾਰਲੀਮੈਂਟ ਦੇ ਚੱਲ ਰਹੇ ਸੈਸ਼ਨ ਵਿਚ ਵੀ ਉਠਾਉਣ ਦਾ ਯਤਨ ਕਰਨਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਸ਼ੀਆ ਤੋਂ ਵਾਪਸ ਰਾਕੇਸ਼ ਯਾਦਵ ਨੇ ਦੱਸਿਆ ਕਿ ਉਸ ਨੂੰ ਤੇ ਉਸ ਦੇ ਨਾਲ 5 ਦੇ ਕਰੀਬ ਹੋਰ ਸਾਥੀਆਂ ਨੂੰ 8 ਮਹੀਨੇ ਪਹਿਲਾਂ ਏਜੰਟ ਵਲੋਂ ਹੋਮ ਗਾਰਡ ਦੀ ਨੌਕਰੀ ਦਾ ਕਹਿ ਉੱਥੇ ਬੁਲਾਇਆ ਗਿਆ। ਪਰ ਉੱਥੇ ਪਹੁੰਚਦਿਆਂ ਹੀ ਉਨ੍ਹਾਂ ਨੂੰ ਜਬਰਨ ਰਸ਼ੀਅਨ ਆਰਮੀ ਵਿਚ ਭਰਤੀ ਕਰਵਾ ਦਿੱਤਾ ਤੇ ਉਨ੍ਹਾਂ ਕੋਲੋਂ ਰਸ਼ੀਅਨ ਭਾਸ਼ਾ ਵਿਚ ਬਣੇ ਕਿਸੇ ਦਸਤਾਵੇਜ਼ 'ਤੇ ਦਸਤਖ਼ਤ ਕਰਵਾ ਲਏ ਗਏ ਤੇ ਵਾਰ-ਵਾਰ ਨਾਂਹ ਕਰਨ 'ਤੇ ਉਸ ਨਾਲ ਉੱਥੇ ਬਹੁਤ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ ਗਈ। ਉਸ ਨੇ ਦੱਸਿਆ ਕਿ 15 ਦਿਨਾਂ ਦੀ ਹਥਿਆਰਾਂ ਦੀ ਟਰੇਨਿੰਗ ਤੋਂ ਬਾਅਦ ਉਨ੍ਹਾਂ ਨੂੰ ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦੇ ਮੈਦਾਨ ਵਿਚ ਝੋਕ ਦਿੱਤਾ ਗਿਆ। ਉਸ ਨੇ

(ਬਾਕੀ ਸਫਾ 6 'ਤੇ)

# ਨਿਗਮ ਚੋਣਾਂ ਲਈ ਪ੍ਰਸ਼ਾਸਨ ਹੋਇਆ ਤਿਆਰ, ਅੱਜ ਤੋਂ ਨਾਮਜ਼ਦਗੀਆਂ ਸ਼ੁਰੂ ਹੋਣਗੀਆਂ

## 2020 ਦੀ ਵਾਰਡਬੰਦੀ ਮੁਤਾਬਿਕ ਹੀ ਫਗਵਾੜਾ 'ਚ ਹੋਣਗੀਆਂ ਚੋਣਾਂ- ਐਸ.ਡੀ.ਐਮ

ਫਗਵਾੜਾ, 8 ਦਸੰਬਰ (ਹਰਜੋਤ ਸਿੰਘ ਚਾਨਾ)-ਚੋਣ ਕਮਿਸ਼ਨ ਵਲੋਂ 21 ਦਸੰਬਰ ਨੂੰ ਨਗਰ ਨਿਗਮ ਚੋਣਾਂ ਦੇ ਐਲਾਨ ਤੋਂ ਬਾਅਦ ਅੱਜ ਪ੍ਰਸ਼ਾਸਨ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ ਤੇ ਚੋਣਾ ਸਬੰਧੀ ਕੰਮਕਾਜ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਹ ਜਾਣਕਾਰੀ ਦਿੰਦੇ ਹੋਏ ਐਸ.ਡੀ.ਐਮ ਜਸ਼ਨਜੀਤ ਸਿੰਘ ਨੇ ਦੱਸਿਆ ਕਿ 9 ਦਸੰਬਰ ਸੋਮਵਾਰ ਨੂੰ 11 ਵਜੇ ਤੋਂ ਨਾਮਜ਼ਦਗੀ ਪੱਤਰ ਦਾਖ਼ਲ ਹੋਣੇ ਸ਼ੁਰੂ ਕੀਤੇ ਜਾਣਗੇ ਤੇ 12 ਦਸੰਬਰ ਨੂੰ ਆਖ਼ਰੀ ਦਿਨ ਹੋਵੇਗਾ। 13 ਨੂੰ ਕਾਗ਼ਜ਼ਾਂ ਦੀ ਪੜਤਾਲ ਤੇ 14 ਨੂੰ ਕਾਗ਼ਜ਼ਾਂ ਦੀ ਵਾਪਸੀ ਤੇ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਫਗਵਾੜਾ ਦੇ 50 ਵਾਰਡਾਂ ਲਈ ਪੰਜ ਰਿਟਰਨਿੰਗ ਅਫ਼ਸਰ ਨਿਯੁਕਤ ਕੀਤੇ ਗਏ ਹਨ, ਇਸ ਸ਼ਹਿਰ ਦੇ 50 ਵਾਰਡਾਂ ਲਈ 110 ਪੋਲਿੰਗ ਬੂਥਾ 'ਤੇ ਵੋਟਾਂ ਪੈਣਗੀਆਂ। ਐਸ.ਡੀ.ਐਮ ਨੇ ਦੱਸਿਆ ਕਿ ਚੋਣਾਂ ਦਾ ਕੰਮ ਬਿਲਕੁਲ ਨਿਰਪੱਖ ਢੰਗ ਨਾਲ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਫਗਵਾੜਾ 'ਚ ਚੋਣਾਂ 2020 ਦੀ ਵਾਰਡਬੰਦੀ ਦੇ ਮੁਤਾਬਿਕ ਹੀ ਕਰਵਾਈਆਂ ਜਾਣਗੀਆਂ।



ਐਸ.ਡੀ.ਐਮ ਜਸ਼ਨਜੀਤ ਸਿੰਘ



ਪਿੰਡ ਭਗਵਾਨਪੁਰ ਵਿਖੇ ਚੋਰਾਂ ਵਲੋਂ ਖਿਲਾਰਿਆ ਗਿਆ ਸਾਮਾਨ ਤੇ ਚੋਰੀ ਹੋਏ ਸਾਮਾਨ ਬਾਰੇ ਜਾਣਕਾਰੀ ਦਿੰਦਾ ਹੋਇਆ ਘਰ ਦਾ ਮਾਲਕ ਇੰਦਰਜੀਤ ਸਿੰਘ। ਤਸਵੀਰਾਂ . ਮਨਜੀਤ ਸਟੂਡੀਓ

# ਪਿੰਡ ਭਗਵਾਨਪੁਰ ਵਿਖੇ ਚਿੱਟੇ ਦਿਨ ਚੋਰ ਘਰ ਵਿਚੋਂ ਨਕਦੀ ਤੇ ਗਹਿਣੇ ਚੋਰੀ ਕਰਕੇ ਫਰਾਰ

ਭੁਲੱਥ, 8 ਦਸੰਬਰ (ਮਨਜੀਤ ਸਿੰਘ ਰਤਨ)-ਕਸਬਾ ਭੁਲੱਥ ਤੇ ਇਸ ਦੇ ਨੇੜਲੇ ਪਿੰਡਾਂ ਵਿਚ ਚੋਰੀਆਂ, ਲੁੱਟਾਂ ਖੋਹਾਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪਿਛਲੀਆਂ ਘਟਨਾਵਾਂ ਦਾ ਚਰਚਾ ਅਜੇ ਚੱਲਦਾ ਹੀ ਹੁੰਦਾ ਹੈ ਨਾਲ ਹੀ ਹੋਰ ਘਟਨਾ ਵਾਪਰ ਜਾਂਦੀ ਹੈ। ਇਸੇ ਤਰਾਂ ਹੀ ਇੱਥੋਂ ਨਜ਼ਦੀਕੀ ਪਿੰਡ ਭਗਵਾਨਪੁਰ ਵਿਖੇ ਚੋਰਾਂ ਨੇ ਸਿਖਰ ਦੁਪਹਿਰੇ ਭਰੇ ਮੁਹੱਲੇ ਦੇ ਇਕ ਘਰ ਵਿਚ ਦਾਖਲ ਹੋ ਕੇ ਨਗਦੀ ਅਤੇ ਸੋਨਾ ਚੁਰਾ ਲਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਇੰਦਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਦੁਪਹਿਰ ਵੇਲੇ ਆਪਣੀ ਪਤਨੀ ਤੇ ਬੇਟੇ ਨਾਲ ਆਪਣੇ ਖੇਤਾਂ ਨੂੰ ਗਿਆ ਹੋਇਆ ਸੀ। ਥੋੜ੍ਹੇ ਸਮੇਂ ਬਾਅਦ ਜਦੋਂ ਉਹ ਆਪਣੇ ਪਰਿਵਾਰ ਸਮੇਤ ਘਰ ਵਾਪਸ ਪਰਤਿਆ ਤਾਂ ਦੇਖਿਆ ਕਿ ਅੰਦਰ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਜਦੋਂ ਉਹ ਅੰਦਰ ਗਏ ਤਾਂ ਘਰ ਦੇ ਸਾਰੇ ਕਮਰਿਆਂ ਦਾ ਸਮਾਨ ਖਿੱਲਰਿਆ ਪਿਆ ਸੀ ਚੋਰਾਂ ਵਲੋਂ ਘਰ ਦੀ ਕੰਧ ਟੱਪ ਕੇ ਅੰਦਰਲਾ ਦਰਵਾਜ਼ਾ ਖ਼ੋਲ ਕੇ ਘਰ ਵਿਚ ਪਈ ਨਗਦੀ ਤੇ ਸੋਨਾ ਚੁਰਾ ਲਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਘਰ ਵਿਚ ਵੱਖ-ਵੱਖ ਜਗਾ ਤੇ ਪਏ ਤਕਰੀਬਨ 60 ਹਜ਼ਾਰ ਰੁਪਏ ਅਤੇ ਤੇ ਦੋ ਸੋਨੇ ਦੀਆਂ ਮੁੰਦਰੀਆਂ ਗ਼ਾਇਬ ਸਨ ਜੋ ਕਿ ਚੋਰ ਚੁਰਾ ਕੇ ਫ਼ਰਾਰ ਹੋ ਗਏ ਸਨ। ਉਨ੍ਹਾਂ ਕਿਹਾ ਕਿ ਇਸ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਗਈ ਹੈ। ਇਸ ਦਿਨ ਦਿਹਾੜੇ ਹੋਈ ਚੋਰੀ ਕਾਰਨ ਪਿੰਡ ਵਾਸੀਆਂ ਵਿਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਸੀ ਤੇ ਲੋਕ ਇਹ ਹੀ ਕਹਿ ਰਹੇ ਸਨ ਕਿ ਜਲਦ ਚੋਰਾਂ ਨੂੰ ਕਾਬੂ ਕਰਕੇ ਸਲਾਖ਼ਾਂ ਪਿੱਛੇ ਭੇਜਿਆ ਜਾਵੇ।

# 100 ਗ੍ਰਾਮ ਹੈਰੋਇਨ ਸਮੇਤ ਮੋਟਰਸਾਈਕਲ ਚਾਲਕ ਨੌਜਵਾਨ ਗ੍ਰਿਫ਼ਤਾਰ

ਕਪੂਰਥਲਾ, 8 ਦਸੰਬਰ (ਸਡਾਨਾ)-ਥਾਣਾ ਅਰਬਨ ਅਸਟੇਟ ਪੁਲਿਸ ਨੇ ਇਕ ਵਿਅਕਤੀ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਪ੍ਰਾਪਤ ਵੇਰਵੇ ਅਨੁਸਾਰ ਸਬ ਇੰਸਪੈਕਟਰ ਸੁਖਵਿੰਦਰ ਸਿੰਘ ਵਲੋਂ ਕਾਂਜਲੀ ਰੋਡ 'ਤੇ ਸਪੈਸ਼ਲ ਨਾਕਾਬੰਦੀ ਦੌਰਾਨ ਜਦੋਂ ਇਕ ਮੋਟਰਸਾਈਕਲ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੋਟਰਸਾਈਕਲ ਸਵਾਰ ਨੇ ਅਚਾਨਕ ਆਪਣਾ ਮੋਟਰਸਾਈਕਲ ਮੋੜ ਲਿਆ, ਪਰ ਰਸਤਾ ਕੱਚਾ ਹੋਣ ਕਾਰਨ ਉਹ ਮੋਟਰਸਾਈਕਲ ਸਲਿਪ ਕਰਨ 'ਤੇ ਹੇਠਾਂ ਡਿੱਗ ਪਿਆ। ਪੁਲਿਸ ਕਰਮਚਾਰੀਆਂ ਵਲੋਂ ਉਕਤ ਵਿਅਕਤੀ ਨੂੰ ਕਾਬੂ ਕੀਤਾ ਗਿਆ ਤੇ ਉਸ ਵਲੋਂ ਸੁੱਟੇ ਲਿਫਾਫੇ ਦੀ ਜਦੋਂ ਜਾਂਚ ਕੀਤੀ ਗਈ ਤਾਂ ਉਸ ਵਿਚੋਂ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਜਿਸ ਤਹਿਤ ਕਥਿਤ ਦੋਸ਼ੀ ਗੁਰਦਿੱਤ ਸਿੰਘ ਉਰਫ ਨੰਦਾ ਵਾਸੀ ਡੋਗਰਾਂਵਾਲ ਵਿਰੁੱਧ ਥਾਣਾ ਸਿਟੀ ਵਿਖੇ ਕੇਸ ਦਰਜ ਕਰਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।



ਸਿਵਲ ਹਸਪਤਾਲ ਵਿਖੇ ਨਵੀਂ ਬਿਲਡਿੰਗ ਵਿਚ ਸਿਫ਼ਟ ਹੋਏ ਐਮਰਜੈਂਸੀ ਵਾਰਡ ਦੇ ਦੌਰੇ ਸਮੇਂ ਡਾਕਟਰਾਂ ਨਾਲ ਗੱਲਬਾਤ ਕਰਦੇ ਹੋਏ ਡਿਪਟੀ ਕਮਿਸ਼ਨਰ ਅਮਿੱਤ ਕੁਮਾਰ ਪੰਚਾਲ। ਤਸਵੀਰ. ਤਿਲਕਰਾਜ

# ਡਿਪਟੀ ਕਮਿਸ਼ਨਰ ਵਲੋਂ ਨਵੀਂ ਬਿਲਡਿੰਗ 'ਚ ਸ਼ਿਫਟ ਹੋਏ ਐਮਰਜੈਂਸੀ ਵਾਰਡ ਦਾ ਦੌਰਾ

ਕਪੂਰਥਲਾ, 8 ਦਸੰਬਰ (ਅਮਨਜੋਤ ਸਿੰਘ ਵਾਲੀਆ)-ਸਿਵਲ ਹਸਪਤਾਲ ਕਪੂਰਥਲਾ ਵਿਖੇ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਵਲੋਂ ਨਵੀਂ ਬਿਲਡਿੰਗ ਵਿਚ ਸ਼ਿਫਟ ਕੀਤੀ ਗਈ ਐਮਰਜੈਂਸੀ ਦਾ ਦੌਰਾ ਕੀਤਾ ਗਿਆ ਅਤੇ ਉਨ੍ਹਾਂ ਨੇ ਨਵੀਂ ਬਿਲਡਿੰਗ ਵਿਚ ਬਣੀ ਐਮਰਜੈਂਸੀ ਵਾਰਡ ਦੇ ਮਰੀਜ਼ਾਂ ਨਾਲ ਮੁਲਾਕਾਤ ਕੀਤੀ ਤੇ ਡਿਊਟੀ ਡਾਕਟਰ ਪਾਸੋਂ ਐਮਰਜੈਂਸੀ ਵਿਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਸਿਵਲ ਸਰਜਨ ਡਾ. ਰਿਚਾ ਭਾਟੀਆ, ਡੀ.ਐਮ.ਸੀ. ਡਾ. ਸੰਦੀਪ ਭੋਲਾ, ਸੁਪਰਡੈਂਟ ਰਾਮ ਅਵਤਾਰ, ਡੀ.ਆਈ.ਓ. ਡਾ. ਰਣਦੀਪ ਸਿੰਘ ਤੇ ਹੋਰ ਹਾਜ਼ਰ ਸਨ।

# ਇਕ ਲੜਕੇ ਨੂੰ ਝੂਠੇ ਕੇਸ ਵਿਚ ਫਸਾ ਕੇ ਪੈਸੇ ਮੰਗਣ ਦੇ ਮਾਮਲੇ ਸੰਬੰਧੀ ਦੋ ਵਿਰੁੱਧ ਕੇਸ ਦਰਜ

ਕਪੂਰਥਲਾ, 8 ਦਸੰਬਰ (ਸਡਾਨਾ)-ਵਿਦਿਆਰਥੀ ਨੂੰ ਝੂਠੇ ਕੇਸ ਵਿਚ ਫਸਾਉਣ ਦੀਆਂ ਧਮਕੀਆਂ ਦੇ ਕੇ ਉਸ ਪਾਸੋਂ ਕਥਿਤ ਤੌਰ 'ਤੇ ਪੈਸਿਆਂ ਦੀ ਮੰਗ ਕਰਨ ਦੇ ਮਾਮਲੇ ਨੂੰ ਲੈ ਕੇ ਸਦਰ ਪੁਲਿਸ ਨੇ ਇਕ ਲੜਕੀ ਤੇ ਉਸਦੇ ਇਕ ਅਣਪਛਾਤੇ ਸਾਥੀ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਆਪਣੀ ਸ਼ਿਕਾਇਤ ਵਿਚ ਹਰਜੋਤ ਸਿੰਘ ਵਾਸੀ ਬਰਿੰਦਪੁਰ ਨੇ ਦੱਸਿਆ ਕਿ ਉਹ ਫਗਵਾੜਾ ਨੇੜੇ ਇਕ ਨਿੱਜੀ ਯੂਨੀਵਰਸਿਟੀ ਵਿਚ ਪੜ੍ਹਾਈ ਕਰ ਰਿਹਾ ਹੈ। ਜਿੱਥੇ ਉਸ ਦੀ ਕਲਾਸ ਵਿਚ ਹਰਕੀਰਤ ਸਿੰਘ ਵਾਸੀ ਮੁਕਤਸਰ ਸਾਹਿਬ ਤੇ ਨਿਰਮਲਾ ਕਰਮ ਵਾਸੀ ਮਨੀਪੁਰ ਵੀ ਪੜ੍ਹਦੇ ਹਨ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਨ੍ਹਾਂ ਦੀ ਆਪਸ ਵਿਚ ਦੋਸਤੀ ਹੋ ਗਈ ਤੇ ਕਥਿਤ ਦੋਸ਼ਣ ਨਿਰਮਲਾ ਨੇ ਕਿਹਾ ਕਿ ਉਹ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ਤੇ ਕਿਉਂਕਿ ਉਸਨੂੰ ਪੰਜਾਬ ਬਹੁਤ ਵਧੀਆ ਲੱਗਦਾ ਹੈ। ਜਿਸ 'ਤੇ ਮੈਂ ਉਸਨੂੰ ਵਿਆਹ ਤੋਂ ਮਨਾ ਕਰ ਦਿੱਤਾ, ਪਰ ਉਹ ਮੇਰੇ 'ਤੇ ਦਬਾਅ ਪਾ ਰਹੀ ਸੀ। ਜਿਸ ਸੰਬੰਧੀ ਮੈਂ ਆਪਣੇ ਦੋਸਤ ਹਰਕੀਰਤ ਸਿੰਘ ਨੂੰ ਦੱਸਿਆ ਕਿ ਜਿਸਨੇ ਨਿਰਮਲਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਮੰਨੀ ਤੇ ਉਸ ਨੂੰ ਆਤਮਹੱਤਿਆ ਕਰਨ ਦੀਆਂ ਧਮਕੀਆਂ ਦੇਣ ਲੱਗੀ ਤੇ ਉਸ ਨੂੰ ਝੂਠੇ ਕੇਸ ਵਿਚ ਫਸਾਉਣ ਦਾ ਕਹਿ ਕੇ ਉਸ ਪਾਸੋਂ ਕਥਿਤ ਤੌਰ 'ਤੇ 70 ਲੱਖ ਰੁਪਏ ਦੀ ਮੰਗ ਕੀਤੀ ਤੇ ਉਸ ਦੇ ਖ਼ਿਲਾਫ਼ ਨੋਇਡਾ ਦੇ ਇਕ ਥਾਣੇ ਵਿਚ ਝੂਠੀ ਦਰਖ਼ਾਸਤ ਵੀ ਦਿੱਤੀ। ਸਦਰ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਤਹਿਤ ਉਕਤ ਲੜਕੀ ਅਤੇ ਉਸਦੇ ਇਕ ਹੋਰ ਅਣਪਛਾਤੇ ਸਾਥੀ ਵਿਰੁੱਧ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਏ.ਐਸ.ਆਈ. ਭੁਪਿੰਦਰ ਸਿੰਘ ਵਲੋਂ ਕੀਤੀ ਜਾ ਰਹੀ ਹੈ।



ਘਟਨਾ ਸੰਬੰਧੀ ਜਾਣਕਾਰੀ ਹਾਸਿਲ ਕਰਦੇ ਹੋਏ ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼। (ਵਿਚਕਾਰ) ਜਾਣਕਾਰੀ ਹਾਸਿਲ ਕਰਦੇ ਹੋਏ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ। (ਸੱਜੇ) ਮੌਕੇ 'ਤੇ ਪੁੱਜੇ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ। ਤਸਵੀਰਾਂ : ਚਾਨਾ

# ਘਰ ਜਾ ਰਹੇ ਨੌਜਵਾਨ ਦਾ ਦੋ ਮੋਟਰਸਾਈਕਲ ਸਵਾਰ ਲੁਟੇਰੇ ਮੋਬਾਈਲ ਖੋਹ ਕੇ ਹੋਏ ਫ਼ਰਾਰ

ਭੁਲੱਥ 8 ਦਸੰਬਰ (ਮਨਜੀਤ ਸਿੰਘ ਰਤਨ)-ਕਸਬਾ ਭੁਲੱਥ ਵਿਖੇ ਇੱਕ ਨੌਜਵਾਨ ਕੋਲੋਂ ਦੋ ਮੋਟਰਸਾਈਕਲ ਸਵਾਰ ਲੁਟੇਰੇ ਮੋਬਾਈਲ ਖੋਹ ਕੇ ਫ਼ਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੀਪਕ ਕੁਮਾਰ ਪੁੱਤਰ ਜਤਿੰਦਰ ਸ਼ਾਹ ਨੇ ਦੱਸਿਆ ਕਿ ਉਹ ਮੇਨ ਬਾਜ਼ਾਰ ਵਿਚ ਕੱਪੜੇ ਦੀ ਦੁਕਾਨ 'ਤੇ ਕੰਮ ਕਰਦਾ ਹੈ ਤੇ ਬੀਤੀ ਸ਼ਾਮ ਉਹ ਦੁਕਾਨ ਬੰਦ ਕਰਕੇ ਮੁਹੱਲਾ ਬੇਦੀ ਨਗਰ ਵਿਖੇ ਆਪਣੇ ਘਰ ਜਾ ਰਿਹਾ ਸੀ। ਜਦੋਂ ਉਹ ਖੱਸਣ ਵਾਲੀ ਸੜਕ 'ਤੇ ਸਰਕਾਰੀ ਸਕੂਲ ਤੋਂ ਥੋੜਾ ਅੱਗੇ ਗਿਆ ਤਾਂ ਮੋਟਰਸਾਈਕਲ 'ਤੇ ਸਵਾਰ ਹੋ ਦੋ ਨੌਜਵਾਨ ਆਏ ਜਿਨ੍ਹਾਂ ਨੇ ਆਪਣੇ ਮੂੰਹ ਕੱਪੜੇ ਨਾਲ ਢੱਕੇ ਹੋਏ ਸਨ, ਉਸ ਦੇ ਹੱਥ ਵਿਚ ਫੜਿਆ ਮੋਬਾਈਲ ਝਪਟਾ ਮਾਰ ਕੇ ਖੋਹ ਕੇ ਫ਼ਰਾਰ ਹੋ ਗਏ। ਜ਼ਿਕਰਯੋਗ ਹੈ ਕੇ ਕਸਬਾ ਭੁਲੱਥ ਅਤੇ ਇਸ ਦੇ ਆਸ ਪਾਸ ਨਿੱਤ ਦਿਨ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਿਚ ਵਿਚ ਵਾਧਾ ਹੋਣ ਕਰਕੇ ਲੋਕ ਬੇਹੱਦ ਚਿੰਤਤ ਹਨ ਅਤੇ ਲੋਕਾਂ ਦੀ ਇਹ ਹੀ ਮੰਗ ਹੈ ਕਿ ਲੁੱਟ ਖੋਹ ਕਰਨ ਵਾਲਿਆਂ ਨੂੰ ਕਾਬੂ ਕੀਤਾ ਜਾਵੇ ਤਾਂ ਜੋ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ।



ਮੋਬਾਈਲ ਖੋਹੇ ਜਾਣ ਸਬੰਧੀ ਦੱਸਦਾ ਹੋਇਆ ਨੌਜਵਾਨ। ਤਸਵੀਰ. ਮਨਜੀਤ ਸਟੂਡੀਓ

# ਮੇਹਲੀ ਗੇਟ ਗਊਸ਼ਾਲਾ 'ਚ 10 ਦੇ ਕਰੀਬ ਗਊਆਂ ਦੀ ਭੇਦਭਰੇ ਹਾਲਾਤ 'ਚ ਮੌਤ, ਲੋਕਾਂ 'ਚ ਭਾਰੀ ਰੋਸ



ਭੇਦਭਰੇ ਹਾਲਾਤ 'ਚ ਮ੍ਰਿਤਕ ਪਈਆਂ ਗਊਆਂ।

ਫਗਵਾੜਾ, 8 ਦਸੰਬਰ (ਹਰਜੋਤ ਸਿੰਘ ਚਾਨਾ)-ਅੱਜ ਰਾਤ ਮੇਹਲੀ ਗੇਟ 'ਚ ਸਥਿਤ ਸ਼੍ਰੀ ਕ੍ਰਿਸ਼ਨਾ ਗਊਸ਼ਾਲਾ ਵਿਖੇ ਭੇਦਭਰੇ ਹਾਲਾਤਾ 'ਚ 10 ਦੇ ਕਰੀਬ ਗਊਆ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਸਾਰ ਵੱਡੀ ਗਿਣਤੀ 'ਚ ਲੋਕ ਤੇ ਡਾਕਟਰਾ ਦੀਆਂ ਟੀਮਾਂ ਮੌਕੇ 'ਤੇ ਪੁੱਜੀਆਂ ਤੇ ਗਊਆ ਦੇ ਇਲਾਜ 'ਚ ਜੁਟ ਗਈਆਂ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਅੱਜ ਸ਼ਾਮ ਸਮੇਂ ਗਊਸ਼ਾਲਾ 'ਚ ਕਰਿੰਦਿਆ ਨੂੰ ਗਊਆ ਦੀ ਸਿਹਤ ਠੀਕ ਨਾ ਹੋਣ ਬਾਰੇ ਭਿੰਣਖ ਪਈ ਜਦੋਂ ਉਨ੍ਹਾਂ ਇਸ ਸੂਚਨਾ ਪ੍ਰਬੰਧਕਾਂ ਨੂੰ ਦਿੱਤੀ ਤਾਂ ਮੌਕੇ 'ਤੇ ਡਾਕਟਰ ਤੇ ਲੋਕ ਇਕੱਠੇ ਹੋਏ ਤੇ ਗਊਆ ਦਾ ਇਲਾਜ ਸ਼ੁਰੂ ਕੀਤਾ ਗਿਆ ਪਰ ਕਈ ਗਊਆ ਦੀ ਹਾਲਾਤ ਗੰਭੀਰ ਹੁੰਦਿਆ ਉਨ੍ਹਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਗਊਆ ਨੂੰ ਕੋਈ ਜ਼ਹਿਰੀਲੀ ਚੀਜ਼ ਦਿੱਤੀ ਗਈ ਹੈ ਜਿਸ ਦੇ ਕਾਰਨਾ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਦੀ ਸੂਚਨਾ ਮਿਲਦੇ ਸਾਰ ਐਸ.ਪੀ. ਰੁਪਿੰਦਰ ਕੌਰ ਭੱਟੀ, ਡੀ.ਐਸ.ਪੀ. ਭਾਰਤ ਭੂਸ਼ਣ, ਐਸ.ਐਚ.ਓ ਸਿਟੀ ਅਮਨਦੀਪ ਨਾਹਰ ਮੌਕੇ 'ਤੇ ਪੁੱਜੇ ਤੇ ਘਟਨਾ ਸਬੰਧੀ ਜਾਣਕਾਰੀ ਹਾਸਲ ਕੀਤੀ ਤੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੌਕੇ 'ਤੇ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਸਾਬਕਾ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ, ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਸਮੇਤ ਕਈ ਲੀਡਰਾ ਨੇ ਮੌਕੇ 'ਤੇ ਪੁੱਜ ਕੇ ਘਟਨਾ ਸਬੰਧੀ ਜਾਣਕਾਰੀ ਹਾਸਲ ਕੀਤੀ ਤੇ ਦੁੱਖ ਪ੍ਰਗਟਾਇਆ ਤੇ ਜਲਦ ਦੋਸ਼ੀਆਂ ਨੂੰ ਫੜਨ ਦੀ ਮੰਗ ਰੱਖੀ। ਐਸ.ਪੀ. ਨੇ ਦੱਸਿਆ ਕਿ ਪੁਲਿਸ ਦੀਆਂ ਟੀਮਾ ਇਸ ਦੀ ਜਾਂਚ 'ਚ ਜੁਟ ਗਈਆਂ ਹਨ ਤੇ ਸੀ.ਸੀ.ਟੀ.ਵੀ ਕੈਮਰੇ ਖੰਗਾਲੇ ਜਾ ਰਹੇ ਹਨ, ਜਲਦ ਹੀ ਦੋਸ਼ੀਆਂ ਦਾ ਪਤਾ ਲਗਾਇਆ ਜਾਵੇਗਾ। ਘਟਨਾ ਦੀ ਸੂਚਨਾ ਸ਼ਹਿਰ 'ਚ ਫ਼ੈਲਦਿਆਂ ਲੋਕਾਂ 'ਚ ਮਾਤਮ ਛਾਂ ਗਿਆ ਹੈ ਤੇ ਲੋਕਾਂ 'ਚ



ਮੌਕੇ 'ਤੇ ਪੁੱਜੇ ਐਸ.ਪੀ. ਰੁਪਿੰਦਰ ਕੌਰ ਭੱਟੀ।

(ਬਾਕੀ ਸਫਾ 6 'ਤੇ)


ਸਰਬ ਮਲਟੀਪਲੈਕਸ

ਸਿਨੇਮਾ ਸਰਬ SARB JALANDHAR

ਸੋਮਵਾਰ 9 ਦਸੰਬਰ, 2024 ਤੋਂ

www.facebook.com/sarbmultiplextheater



ਪੁਸ਼ਪਾ 2

| | |
|---|---|
| 09.50 AM | 11.00 AM |
| 12.30 PM | 01.50 PM |
| 03.00 PM | 04.30 PM |
| 05.50 PM | 07.00 PM |
| 08.30 PM | 09.45 PM |

ਈ-ਬੁਕਿੰਗ ਟਿਕਟ ਬੁੱਕ ਕਰੋ : www.sarbmultiplex.com

ਫ਼ੋਨ 0181-5010770, 5010771, 5010772

0181-2299300, 2299400


# ਧੋਖਾਧੜੀ ਕਰਨ ਸੰਬੰਧੀ ਮਹਿਲਾ ਖ਼ਿਲਾਫ਼ ਕੇਸ ਦਰਜ

ਫਗਵਾੜਾ, 8 ਦਸੰਬਰ (ਹਰਜੋਤ ਸਿੰਘ ਚਾਨਾ)-ਧੋਖੇ ਨਾਲ ਸਾਜ਼ਿਸ਼ ਤਹਿਤ ਮਕਾਨ ਵੇਚਣ ਤੇ ਪੈਸੇ ਹੜੱਪ ਕਰਨ ਦੇ ਸਬੰਧ 'ਚ ਸਿਟੀ ਪੁਲਿਸ ਨੇ ਇੱਕ ਮਹਿਲਾ ਖ਼ਿਲਾਫ਼ ਧਾਰਾ 318(4), 316(2) ਬੀਐਨਐਸ ਤਹਿਤ ਕੇਸ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਨਵਨੀਤ ਕੁਮਾਰ ਚਾਵਲਾ ਪੁੱਤਰ ਸੁਭਾਸ਼ ਚੰਦਰ ਚਾਵਲਾ ਵਾਸੀ ਆਦਰਸ਼ ਨਗਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਆਸ਼ਾ ਰਾਣੀ ਪਤਨੀ ਕੇਵਲ ਰਾਮ ਵਾਸੀ ਮੁਹੱਲਾ ਸ਼ਿਵਪੁਰੀ ਵਲੋਂ ਤਿੰਨ ਮਰਲੇ ਦਾ ਮਕਾਨ ਸਰਕਾਰੀ ਅਫ਼ਸਰਾਂ ਨੂੰ ਗੁਮਰਾਹ ਕਰਨ ਤੇ ਗ਼ਲਤ ਤੱਥਾਂ ਦੇ ਆਧਾਰ 'ਤੇ ਰਜਿਸਟਰੀ ਕਰਵਾਉਣ ਤੇ ਪੈਸੇ ਹੜੱਪ ਕੀਤੇ। ਜਿਸ ਦੀ ਕੀਤੀ ਜਾਂਚ ਤੋਂ ਬਾਅਦ ਪੁਲਿਸ ਨੇ ਆਸ਼ਾ ਰਾਣੀ ਪਤਨੀ ਕੇਵਲ ਰਾਮ ਵਾਸੀ ਮੁਹੱਲਾ ਸ਼ਿਵਪੁਰੀ ਖ਼ਿਲਾਫ਼ ਕੇਸ ਦਰਜ ਕੀਤਾ ਹੈ।

# ਪੁਰਾਣੀ ਰੰਜਿਸ਼ ਦੇ ਚੱਲਦਿਆਂ ਇਕ ਨੌਜਵਾਨ ਦੀ ਕੁੱਟਮਾਰ

ਕਪੂਰਥਲਾ, 8 ਦਸੰਬਰ (ਅਮਨਜੋਤ ਸਿੰਘ ਵਾਲੀਆ)-ਫੱਤੂਢੀਂਗਾ ਵਿਖੇ ਕੰਮ 'ਤੇ ਜਾ ਰਹੇ ਇਕ ਨੌਜਵਾਨ ਨੂੰ ਪਿੰਡ ਦੇ ਕੁੱਝ ਨੌਜਵਾਨਾਂ ਨੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਕੁੱਟਮਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਇਸ ਸਬੰਧੀ ਸਿਵਲ ਹਸਪਤਾਲ ਕਪੂਰਥਲਾ ਵਿਖੇ ਜ਼ੇਰੇ ਇਲਾਜ ਸਰਵਣ ਪੁੱਤਰ ਗੁਰਦੇਵ ਵਾਸੀ ਫੱਤੂਢੀਂਗਾ ਨੇ ਦੱਸਿਆ ਕਿ ਉਹ ਫਰਨੀਚਰ ਦਾ ਕੰਮ ਕਰਦਾ ਹੈ ਤੇ ਉਹ ਅੱਜ ਸਵੇਰੇ ਸਮੇਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਕੰਮ 'ਤੇ ਜਾ ਰਿਹਾ ਸੀ ਤਾਂ ਕੁੱਝ ਨੌਜਵਾਨਾਂ ਨੇ ਰੋਕ ਕੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ, ਜਿਸ ਨੂੰ ਰਾਹਗੀਰਾਂ ਅਤੇ ਪਰਿਵਾਰਕ ਮੈਂਬਰਾਂ ਨੇ ਸਿਵਲ ਹਸਪਤਾਲ ਕਪੂਰਥਲਾ ਵਿਖੇ ਦਾਖਲ ਕਰਵਾਇਆ। ਇਸ ਸਬੰਧੀ ਡਿਊਟੀ ਡਾਕਟਰ ਵਲੋਂ ਉਸ ਦੀ ਐਮ.ਐਲ.ਆਰ. ਕੱਟ ਕੇ ਸਬੰਧਿਤ ਥਾਣੇ ਨੂੰ ਭੇਜ ਦਿੱਤੀ ਗਈ ਹੈ।



ਸਿਵਲ ਹਸਪਤਾਲ ਵਿਖੇ ਜ਼ੇਰੇ ਇਲਾਜ ਜ਼ਖ਼ਮੀ ਨੌਜਵਾਨ। ਤਸਵੀਰ. ਤਿਲਕਰਾਜ


**ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਭੁਲੱਥ।**

**ਵਿਸ਼ਾ:-ਮਾਲ ਰਿਕਾਰਡ ਵਿੱਚ ਮਾਲਕ ਦਾ ਨਾਂਅ ਦਰੁਸਤ ਕਰਨ ਸੰਬੰਧੀ।**

**ਨੋਟਿਸ ਬਨਾਮ ਜਨਰਲ ਪਬਲਿਕ**

ਸ੍ਰੀ ਪਾਲ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਜੇਠਾ ਸਿੰਘ, ਵਾਸੀ ਮਕਾਨ ਨੰਬਰ-55, ਧਾਲੀਵਾਲ ਇਨਕਲੇਵ ਲੱਧੇਵਾਲੀ, ਜਲੰਧਰ ਖੇਵਟਦਾਰ ਫਿਰੋਜ਼ ਸੰਗੋਵਾਲ ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ ਨੇ ਇੱਕ ਦਰਖ਼ਾਸਤ ਦਿੱਤੀ ਹੈ ਕਿ ਮਾਲ ਰਿਕਾਰਡ ਵਿੱਚ ਵਾਕਿਆ ਰਕਬਾ ਪਿੰਡ ਫਿਰੋਜ਼ ਸੰਗੋਵਾਲ ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ ਵਿੱਚ ਉਸਦਾ ਨਾਂਅ ਸਵਰਨ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਜੇਠਾ ਸਿੰਘ ਗਲਤ ਚਲਿਆ ਆ ਰਿਹਾ ਹੈ। ਜਦਕਿ ਉਸਦਾ ਅਸਲ ਨਾਂਅ ਪਾਲ ਸਿੰਘ ਉਰਫ਼ ਸਵਰਨ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਜੇਠਾ ਸਿੰਘ ਹੈ। ਪ੍ਰਾਰਥੀ ਨੇ ਇਸ ਨਾਂਅ ਦਰੁਸਤੀ ਲਈ ਦਰਖ਼ਾਸਤ ਪੇਸ਼ ਕੀਤੀ ਹੈ। ਇਸ ਨਾਂਅ ਦੀ ਸੋਧ ਦੇ ਸਬੰਧ ਵਿੱਚ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਸਾਡੇ ਦਫ਼ਤਰ/ਅਦਾਲਤ ਵਿੱਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਨੋਟਿਸ ਛਪਣ ਤੋਂ 15 ਦਿਨ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਨਾ-ਕਾਬਲੇ ਸ਼ਿਕਾਇਤ ਹੋਗਾ ਅਤੇ ਨਾਂਅ ਦੀ ਸੋਧ ਕਰ ਦਿੱਤੀ ਜਾਵੇਗੀ। ਅੱਜ ਮਿਤੀ 02-12-2024 ਨੂੰ ਮੇਰੇ ਦਸਤਖ਼ਤ ਅਤੇ ਮੋਹਰ ਨਾਲ ਜਾਰੀ ਹੋਇਆ।

ਸਹੀ/- ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੁਲੱਥ।